# Unwarranted references to India in resolutions adopted by the Organisation of Islamic Conference

November 29, 2020

## ਇਸਲਾਮਕ ਕਾਨਫ਼ਰੈਂਸ ਸੰਗਠਨ ਦੁਆਰਾ ਅਪਣਾਏ ਗਏ ਮਤਿਆਂ ਵਿੱਚ ਭਾਰਤ ਦਾ ਬੇਲੋੜਾ ਹਵਾਲਾ

29 ਨਵੰਬਰ, 2020

ਅਸੀਂ 27-28 ਨਵੰਬਰ, 2020 ਨੂੰ ਨਾਈਜੀਰੀਆਈ ਗਣਰਾਜ ਦੇ ਨਿਆਮੇ ਵਿੱਚ ਹੋਏ 47ਵੇਂ CFM ਸੈਸ਼ਨ ਵਿੱਚ ਇਸਲਾਮਕ ਕਾਨਫ਼ਰੈਂਸ ਸੰਗਠਨ (OIC) ਦੁਆਰਾ ਅਪਣਾਏ ਗਏ ਮਤਿਆਂ ਵਿੱਚ ਭਾਰਤ ਬਾਰੇ ਦਿੱਤੇ ਗਏ ਤੱਥਾਂ ਪੱਖੋਂ ਝੂਠੇ ਅਤੇ ਬੇਲੋੜੇ ਨਾਜਾਇਜ਼ ਹਵਾਲਿਆਂ ਨੂੰ ਸਖਤੀ ਨਾਲ ਅਤੇ ਸਪਸ਼ਟ ਤੌਰ ਤੇ ਖਾਰਜ ਕਰਦੇ ਹਾਂ।

ਅਸੀਂ ਇਹ ਗੱਲ ਹਮੇਸ਼ਾ  ਲਗਾਤਾਰ ਕਹੀ ਹੈ ਕਿ OIC ਨੂੰ ਜੰਮੂ-ਕਸ਼ਮੀਰ ਕੇਂਦਰੀ ਸ਼ਾਸਤ ਪ੍ਰਦੇਸ਼ ਸਮੇਤ, ਜੋ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਅੰਗ ਹੈ, ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਹੱਕ ਨਹੀਂ ਹੈ।

ਇਹ ਗੱਲ ਅਫ਼ਸੋਸਨਾਕ ਹੈ ਕਿ OIC ਆਪਣੇ ਆਪ ਨੂੰ ਇੱਕ ਅਜਿਹੇ ਦੇਸ਼ ਦੁਆਰਾ ਭਾਰਤ -ਵਿਰੋਧੀ ਪ੍ਰਚਾਰ ਲਈ ਇਸਤੇਮਾਲ ਹੋਣ ਦੇ ਰਿਹਾ ਹੈ, ਜਿਸਦਾ ਧਾਰਮਿਕ ਸਹਿਣਸ਼ੀਲਤਾ, ਕੱਟੜਪੰਥੀ ਅਤੇ ਘੱਟ ਗਿਣਤੀਆਂ 'ਤੇ ਅੱਤਿਆਚਾਰ ਦੇ ਮਾਮਲੇ 'ਚ ਘ੍ਰਿਣਾਯੋਗ ਰਿਕਾਰਡ ਰਿਹਾ ਹੈ। ਅਸੀਂ OIC ਨੂੰ ਸਖਤੀ ਨਾਲ ਭਵਿੱਖ ਵਿੱਚ ਅਜਿਹੇ ਹਵਾਲੇ ਦੇਣ ਤੋਂ ਗੁਰੇਜ਼ ਕਰਨ ਲਈ ਕਹਾਂਗੇ।

ਨਵੀਂ ਦਿੱਲੀ

29 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.